BCM SCHOOL BASANT AVENUE DUGRI LUDHIANA

ASSIGNMENT Vlll Punjabi

1.ਮੁਹਾਵਰਾ ਪੂਰਾ ਕਰੋ ।

-------‘ ਤੇ ਬਿਠਾਉਣਾ।

-------- ਦੀ ਖੱਖਰ ਨੂੰ ਛੇੜਨਾ ।

2. ਸਾਡਾ ਸਮਾਜ ਕਿਸ ਦੀ ਜਕੜਨ ਵਿੱਚ ਫਸਿਆ ਹੋਇਆ ਹੈ?

3. ਵਚਨ ਬਦਲੋ- ਹਲਕੀ ਕਣੀ ਡਿੱਗੀ ਹੈ।

4. ਧਰਤੀ ਤੋਂ ਕੀ ਉੱਡ ਕੇ ਆਕਾਸ਼ ਵੱਲ ਜਾਂਦੇ ਹਨ?

A.ਹਵਾ B.ਜਲਵਾਸ਼ਪ C.ਨਮੀ D. ਧੁੱਪ

5. ਬਿੰਦੀ ਦੀ ਵਰਤੋਂ---- ਲਗਾਂ ਨਾਲ ਹੁੰਦੀ ਹੈ ।

6.ਲਗਾਖਰਾਂ ਦੀ ਵਰਤੋਂ ----- ਨਾਲ ਹੁੰਦੀ ਹੈ।

7. ਸਵੇਰ ਦਾ ਵਿਰੋਧੀ ਸ਼ਬਦ ਚੁਣੋ?

A. ਦੁਪਹਿਰ B.ਸ਼ਾਮ C.ਰਾਤ D.ਤ੍ਰਿਕਾਲਾ

8.. ਦੁਕਾਨਦਾਰ ਨੇ ਕਾਰਡ ਦੀ ਕੀਮਤ ਕਿੰਨੀ ਦੱਸੀ?

9. ਰਜਨੀ ਨੇ ਉਤਸੁਕਤਾ ਨਾਲ ਲਿਫਾਫਾ ਖੋਲਿਆ। ਵਾਕ ਵਿੱਚ ‘ਉਤਸੁਕਤਾ’ ਸ਼ਬਦ ਦਾ ਕੀ ਅਰਥ ਹੈ?

10.. ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :?

ਸ੍ਰੀ ਅਨੰਦਪੁਰ ਸਾਹਿਬ ਧਾਰਮਿਕ ਤੇ ਇਤਿਹਾਸਿਕ ਪੱਖੋਂ ਬਹੁਤ ਹੀ ਮਹੱਤਵਪੂਰਨ ਸ਼ਹਿਰ ਹੈ। ਇੱਥੇ ਹੀ ਕਸ਼ਮੀਰੀ ਪੰਡਤ ਆਪਣੀ ਦੁੱਖ ਭਰੀ ਫ਼ਰਿਆਦ ਲੈ ਕੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਰਨ ਵਿੱਚ ਆਏ ਸਨ। ਇੱਥੋਂ ਹੀ ਸ੍ਰੀ ਗੁਰੂ ਤੇਗ਼ ਬਹਾਦਰ ਜੀ, ਔਰੰਗਜ਼ੇਬ ਦੇ ਅੱਤਿਆਚਾਰਾਂ ਦੇ ਖ਼ਿਲਾਫ਼ ਸ਼ਹੀਦੀ ਦੇਣ ਲਈ ਦਿੱਲੀ ਲਈ ਰਵਾਨਾ ਹੋਏ ਸਨ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਭਾਈ ਜੈਤਾ ਜੀ ਗੁਰੂ ਜੀ ਦਾ ਸੀਸ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਹੀ ਪਹੁੰਚੇ ਸਨ। ਸੀਸ ਦਾ ਸਸਕਾਰ ਵੀ ਸ੍ਰੀ ਅਨੰਦਪੁਰ ਸਾਹਿਬ ਹੀ ਕੀਤਾ ਗਿਆ ਸੀ। ਜਿਸ ਥਾਂ ‘ਤੇ ਗੁਰੂ ਜੀ ਦੇ ਸੀਸ ਦਾ ਸਸਕਾਰ ਕੀਤਾ ਗਿਆ ਸੀ ਉਸ ਥਾਂ ਗੁਰਦੁਆਰਾ ਸੀਸ ਗੰਜ ਸਾਹਿਬ ਸੁਸ਼ੋਭਿਤ ਹੈ।

(ੳ) ਕਿਹੜਾ ਸ਼ਹਿਰ ਇਤਿਹਾਸਿਕ ਪੱਖੋਂ ਬਹੁਤ ਮਹੱਤਵਪੂਰਨ ਹੈ।

(ਅ) ਸ੍ਰੀ ਗੁਰੂ ਤੇਗ਼ ਬਹਾਦਰ ਜੀ ਕੋਲ ਆਪਣੀ ਦੁਖ ਭਰੀ ਫ਼ਰਿਆਦ ਕੌਣ ਲੈ ਕੇ ਆਏ ਸਨ ?

(ੲ) ਔਰੰਗਜ਼ੇਬ ਦੇ ਅੱਤਿਆਚਾਰਾਂ ਦੇ ਖਿਲਾਫ਼ ਸ੍ਰੀ ਗੁਰੂ ਤੇਗ਼ ਬਹਾਦਰ ਜੀ ਸ਼ਹੀਦੀ ਦੇਣ ਲਈ ਕਿਹੜੇ ਸ਼ਹਿਰ ਵੱਲ ਰਵਾਨਾ ਹੋਏ ?